

# ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

# ਜਸੂਜਾ ਦਾ ਸ਼ਾਹਕਾਰ ਇਕਾਂਗੀ 'ਤਰਕਾਲਾਂ ਵੇਲੇ'

ਸ਼ਹਿਰਾਂ ਦੇ ਦਰਮਿਆਨੇ ਤਬਕੇ ਦੇ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨ ਵਾਲੇ ਸਾਡੇ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਦੀ ਪੰਜਾਬੀ ਨਾਟਕ ਇਤਿਹਾਸ ਵਿਚ ਆਪਣੀ ਹੀ ਇਕ ਵਿਸ਼ੇਸ਼ ਥਾਂ ਹੈ। ਜਸੂਜਾ ਦੇ ਇਕਾਂਗੀਆਂ ਵਿਚੋਂ ਵਿਸ਼ੇ ਦੇ ਪੱਖ ਤੋਂ 'ਕੱਚੇ ਧਾਗੇ', 'ਗਊਮੁਖਾ ਸ਼ੇਰਮੁਖਾ' ਆਦਿ ਅਤੇ ਮੰਚੀ ਸਫਲਤਾ ਦੇ ਪੱਖ ਤੋਂ 'ਭਾਬੋ ਦਾ ਭੂਤ' ਅਤੇ 'ਭਾਬੋ ਦੀ ਪਟਾਰੀ' ਵਧੇਰੇ ਚਰਚਿਤ ਹਨ ਪਰ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ 'ਤਰਕਾਲਾਂ ਵੇਲੇ' ਉਹਦਾ ਸ਼੍ਰੋਮਣੀ ਇਕਾਂਗੀ ਹੈ। ਜਿਸ ਵਿਚ ਉਹਦੀ ਨਾਟਕਲਾ ਸਿਖਰਾਂ ਛੋਂਹਦੀ ਹੈ। ਇਹ ਵਿਸ਼ੇ ਅਤੇ ਨਾਟਕੀ ਉਸਾਰੀ ਦੇ ਪੱਖ ਤੋਂ ਸ਼੍ਰੋਮਣੀ ਹੈ।

ਅਸੀਂ ਇਹ ਨਾਟਕ ਜੂਨ 1968 ਵਿਚ ਆਪਣੇ ਤਿੰਨ ਰੋਜ਼ਾ ਨਾਟਕ ਮੇਲੇ ਵਿਚ ਖੇਡਿਆ। ਅਸੀਂ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਵਲੋਂ ਸਾਰਾ ਸਾਲ ਆਪਣੀਆਂ ਗੱਤੀ ਵਿਧੀਆਂ ਜਾਰੀ ਰੱਖਦੇ ਹਾਂ। ਸਾਲ ਵਿਚ ਇਕ ਵਾਰੀ ਇਕ ਦੋ ਰੋਜ਼ਾ ਜਾਂ ਤਿੰਨ ਰੋਜ਼ਾ ਨਾਟਕ ਮੇਲਾ ਜ਼ਰੂਰ ਕਰਦੇ ਹਾਂ, ਜਿਨ੍ਹਾਂ ਵਿਚ ਚਾਰ ਪੰਜ ਨਾਟਕ ਇਸ ਤਰ੍ਹਾਂ ਚੁਣਦੇ ਹਾਂ ਕਿ ਨਵੇਂ ਅਤੇ ਪੁਰਾਣੇ ਕਲਾਕਾਰਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਦੇ ਅਨੁਕੂਲ ਆਪਣੀ ਕਲਾ ਦੇ ਨਿਖਾਰ ਲਈ ਪੂਰਾ ਮੌਕਾ ਮਿਲੇ। 'ਤਰਕਾਲਾਂ ਵੇਲੇ' ਮੇਰੀ ਅਤੇ ਮੇਰੀ ਪਤਨੀ ਕੈਲਾਸ਼ ਕੌਰ ਦੀ ਭਿਨੈ ਸ਼ੈਲੀ ਦੇ ਬਹੁਤ ਹੀ ਅਨਕੂਲ ਹੈ। ਵਿਅੰਗ ਅਤੇ ਭਾਵੁਕਤਾ ਮੇਰੀ ਸ਼ੈਲੀ ਹੈ ਜਦੋਂ ਕਿ ਯਥਾਰਥਵਾਦੀ ਪ੍ਰਗਟਾ ਕੈਲਾਸ਼ ਹੋਰਾਂ ਦੀ ਅਭਿਨੈ ਕਲਾ ਦੀ ਪਹਿਚਾਣ ਹੈ, ਇਸੇ ਪਹਿਚਾਣ ਕਰਕੇ ਉਨ੍ਹਾਂ ਨੇ ਭਾਸ਼ਾ ਵਿਭਾਗ ਵਲੋਂ ਨਾਟਕ 'ਘੁੰਮਣਘੇਰੀ' ਅਤੇ 'ਬੇਵਸੀ' ਵਿਚ ਸਟੇਟ ਦੇ ਸਰਵਉਤਮ ਅਦਾਕਾਰੀ ਦੇ ਅਵਾਰਡ ਜਿੱਤੇ ਹਨ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਮੈਂ ਆਪ ਬੁੱਢਿਆਂ ਦੇ ਪਾਰਟ ਕਰਦੇ ਹੋਏ ਉਨ੍ਹਾਂ ਨੂੰ ਵੀ ਬੁੱਢੀ ਬਣਾ ਦਿੱਤਾ ਹੈ। 'ਤਰਕਾਲਾਂ ਵੇਲੇ' ਵਿਚ ਵੀ ਉਨ੍ਹਾਂ ਨੂੰ ਮੇਰੀ ਪਤਨੀ ਦੇ ਰੂਪ ਵਿਚ ਇਕ ਵਡੇਰੀ ਉਮਰ ਦੀ ਪਾਤਰ ਹੀ ਨਿਭਾਉਣਾ ਪਿਆ ਹੈ।

ਇਸ ਨਾਟਕ ਦੀ ਕਹਾਣੀ ਬੜੀ ਉਦਾਸ ਕਹਾਣੀ ਹੈ। ਓਨੀ ਹੀ ਉਦਾਸ ਜਿੰਨਾ ਉਦਾਸ ਜੀਵਨ ਦਾ ਯਥਾਰਥ ਹੈ। ਇਹ ਇਕ ਰੀਟਾਇਰਡ ਸਟੇਸ਼ਨ ਮਾਸਟਰ ਦੀ ਕਹਾਣੀ ਹੈ। ਉਹ ਨੌਕਰੀ ਦਰਮਿਆਨ ਔਖਾ ਹੋ ਕੇ, ਮਿਹਨਤ ਕਰਕੇ ਤੇ ਪੈਸਾ ਪੈਸਾ ਬਚਾ ਕੇ ਬੁਢਾਪੇ ਵਿਚ ਨੌਕਰੀ ਤੋਂ ਮਗਰੋਂ ਭਾਵ ਆਪਣੇ ਜੀਵਨ ਦੇ ਤਰਕਾਲਾਂ ਵੇਲੇ ਆਰਾਮ ਨਾਲ ਦਿਨ ਕੱਟਣ ਲਈ ਕੋਠੀ ਬਣਾਉਂਦਾ ਹੈ ਤੇ ਆਪਣੀ ਮਰਜ਼ੀ ਦਾ ਜੀਣਾ ਚਾਹੁੰਦਾ ਹੈ। ਜਦ ਰੀਟਾਇਰ ਹੋ ਕੇ ਕੋਠੀ ਵਿਚ ਵਿਚ ਰਹਿਣ ਲਗਦਾ

ਪਹਿਲਾਂ ਚਿਰਾਂ ਤੋਂ ਚਲੇ ਆ ਰਹੇ ਨੌਕਰ ਨੂੰ ਹਟਾ ਕੇ ਪਿਤਾ ਜੀ ਨੂੰ ਆਪ ਭਾਜੀ ਲਿਆਉਣ ਲਈ ਕਹਿੰਦੀ ਹੈ। ਉਨ੍ਹਾਂ ਨੂੰ ਬੂਟਿਆਂ ਨੂੰ ਪਾਣੀ ਆਪ ਦੇਣ ਲਈ ਕਹਿੰਦੀ ਹੈ। ਦਲੀਲ ਭਾਵੇਂ ਇਹ ਹੈ ਕਿ ਇਸ ਤਰ੍ਹਾ ਉਨ੍ਹਾਂ ਦੀ ਸਿਹਤ ਠੀਕ ਰਹੇਗੀ ਪਰ ਵਿਚੋਂ ਮਤਲਬ ਹੈ ਕਿ ਉਹ ਨੌਕਰ ਦਾ ਖਰਚ ਨਾ ਕਰਨ। ਫੇਰ ਅੱਧੀ ਕੋਠੀ ਕਿਰਾਏ 'ਤੇ ਦੇਣ ਲਈ ਤੇ ਅੰਤ ਸੱਸ ਸਹੁਰੇ ਨੂੰ ਸਾਰੀ ਕੋਠੀ ਛੱਡ ਕੇ ਨੌਕਰਾਂ ਲਈ ਬਣਾਏ ਕਮਰੇ ਵਿਚ ਰਹਿਣ ਲਈ ਸੇਧ ਦਿੰਦੀ ਹੈ। ਸੱਸ ਸਹੁਰਾ ਢਲਦੇ ਸੂਰਜ ਵਾਂਗ ਆਪੇ ਹੀ ਨੌਕਰਾਂ ਦੇ ਕਮਰੇ ਵਿਚ ਜਾਣ ਨੂੰ ਤਿਆਰ ਹੋ ਜਾਂਦੇ ਹਨ। ਤਰਕਾਲਾਂ ਦੇ ਘੁਸਮੁਸੇ ਵਿਚ ਭਾਵ ਉਨ੍ਹਾਂ ਦੀਆਂ ਆਪਣੀਆਂ ਜੀਵਨ ਤਰਕਾਲਾਂ ਵਿਚ ਆਪਣੀ ਕੋਠੀ ਵਿਚ ਰਹਿਣ ਦੀ ਖੁਸ਼ੀ ਅਤੇ ਚਾਅ ਮਿਟਦਾ ਦਿਸਦਾ ਹੈ। ਤਰਕਾਲਾਂ ਬੜਾ ਯਥਾਰਥਵਾਦੀ ਪਰ ਭਾਵਪੂਰਵਕ ਚਿੰਨ ਹੈ, ਜੋ ਬੜਾ ਗੰਭੀਰ ਵਾਤਾਵਰਣ ਉਸਾਰਦਾ ਹੈ। ਹਾਰਿਆ ਹੰਭਿਆ ਰੀਟਾਇਰਡ ਆਦਮੀ ਜਿਸ ਨੇ ਆਪਣੀ ਸਾਰੀ ਜੁਆਨੀ ਆਪਣੀ ਔਲਾਦ ਪਾਲਣ ਤੇ ਉਨ੍ਹਾਂ ਦੀ ਐਸ਼ ਕਰਾਉਣ 'ਤੇ ਲਾ ਦਿੱਤੀ ਹੈ, ਉਹ ਹੁਣ ਆਪਣੀ ਔਲਾਦ ਤੋਂ ਡਰਦਾ ਆਪੇ ਸੁਕੜਦਾ ਜਾ ਰਿਹਾ ਹੈ। ਮਾਪੇ ਧੜੇ ਤੇ ਅਗਲੇ ਪੁੱਤਰ ਧੜੇ ਦਾ ਕਲਾਤਮਿਕ ਨਿਖੇੜ ਵੀ ਹੈ, ਟਕਰਾ ਵੀ ਹੈ, ਵਿਰੋਧ ਵੀ ਹੈ। ਇਸ ਇਕਾਂਗੀ ਦੇ ਵਾਰਤਾਲਾਪ ਆਪਣੇ ਆਪ ਵਿਚ ਇਹਦੀ ਮਿਸਾਲ ਹਨ। ਨਾਟਕ ਦੇ ਸ਼ੁਰੂ ਵਿਚ ਹੀ ਪਿਤਾ ਵਲੋਂ ਲਿਆਏ ਗਏ ਇਕ ਮੇਜ਼ ਬਾਰੇ ਪਿਤਾ ਅਤੇ ਪੁੱਤਰ ਦੀ ਆਪਸੀ ਗੱਲਬਾਤ ਦੋ ਦ੍ਰਿਸ਼ਟੀਕੋਣਾਂ ਨੂੰ ਪ੍ਰਗਟਾਉਂਦੀ ਹੈ :-

ਪਿਤਾ : ਕਿਉਂ ਪੁੱਤਰ ਸੱਟਡੀ ਟੇਬਲ ਵੇਖਿਆ ਈ, ਕੈਸਾ ਏ ?

ਪੁੱਤਰ : (ਅਨਮੰਨੇ ਦਿਲ ਨਾਲ) ਹਾਂ ! ਅੱਛਾ ਈ ਏ ਪਿਤਾ ਜੀ।

ਪਿਤਾ : ਅੱਛਾ ਕੀ, ਬਹੁਤ ਕੰਮਫਰਟੇਬਲ ਏ। ਬੈਠ ਕੇ ਪੜ੍ਹਨ ਲਿਖਣ ਦਾ ਸੁਆਦ ਆ ਜਾਂਦਾ ਏ।

ਪੁੱਤਰ : ਕਿੰਨੇ ਦਾ ਲਿਆ ਜੇ ?

ਪਿਤਾ : ਰੁਪਿਆ ਤਾਂ ਸਾਢੇ ਤਿੰਨ ਸੌ ਲਗ ਗਿਆ ਏ ਪਰ ਚੀਜ਼ ਮਾਅੰਰਕੇ ਦੀ ਏ। ਸਾਰੀ ਆਬਨੂਸ ਦੀ ਲੱਕੜੀ ਏ, ਐਨਗਰੇਵਿੰਗ ਵੇਖੀ ਊ ? ਕਿੰਨੀ ਆਰਟਿਸਟਕ ਏ।

ਪੁੱਤਰ : ਹਾਂ ਠੀਕ ਏ, ਪਰ ਮਹਿੰਗਾ ਬੜਾ ਏ।

ਪਿਤਾ : ਅੱਛੇ ਮੇਜ਼ 'ਤੇ ਈ ਬੈਠ ਕੇ ਲਿਖਣ ਪੜ੍ਹਣ ਦਾ ਮਜ਼ਾ ਏ। ਮੈਂ ਤਾਂ ਜਿੱਥੇ ਵੀ ਸਟੇਸ਼ਨ ਮਾਸਟਰ ਰਿਹਾ ਦਫਤਰ ਦੇ ਫਰਨੀਚਰ ਵਲ ਧਿਆਨ ਦਿੰਦਾ ਹੁੰਦਾ ਸਾਂ ਪਰ ਬੇਵਸ ਹੋ ਜਾਈਦਾ



'ਤਰਕਾਲਾਂ ਵੇਲੇ' ਦੀ ਅਸਲੀ ਜੋੜੀ – ਗੁਰਸ਼ਰਨ ਸਿੰਘ ਅਤੇ ਕੈਲਾਸ਼ ਕੌਰ ਜ਼ਿੰਦਗੀ ਦੇ ਅਸਲੀ ਰੂਪ ਵਿਚ

ਸੀ । ਆਖਰ ਪਰਾਏ ਨੌਕਰ ਜੋ ਸੀ । [illegible] ਮਾਸਾ ਵੀ ਖਰਚ ਕਰਨਾ ਹੁੰਦਾ ਤਾਂ ਬਕਾਇਦਾ ਸੈਂਕਸ਼ਨ ਮੰਗਵਾਣੀ ਪੈਂਦੀ ਸੀ ਤੇ ਅਗਲੇ ਸੌ ਸੌ ਕੁਣਸਾਂ ਕੱਢਦੇ ਰਹਿੰਦੇ ਸਨ । ਮੈਂ ਵੇਖਿਐ ਬੰਬਈ ਤੇਰੇ ਦਫਤਰ ਵਿਚ ਫਰਨੀਚਰ ਸੁਹਣਾ ਏ ।

ਪੁੱਤਰ : ਸਾਡੇ ਦਫਤਰ ਦੀ ਹੋਰ ਗੱਲ ਏ ਪਿਤਾ ਜੀ । ਵੱਡੀ ਫਰਮ ਜੋ ਹੋਈ, ਜ਼ਰਾ ਸ਼ਾਨ ਬਣਾ ਕੇ ਰੱਖਣੀ ਪੈਂਦੀ ਏ । ... ਪਰ ਇਕ ਘਰ ਵਿਚ ਰੱਖਣੇ ਲਈ ਐਡੀ ਕੀਮਤੀ ਮੇਜ਼ ? ... ਮੈਂ ਤਾਂ ਸਮਝਣਾਂ ਫਜ਼ੂਲ ਏ ।

ਇਸ ਤਰ੍ਹਾਂ ਪਿਤਾ ਦੀ ਨਵੇਂ ਮੇਜ਼ ਲਿਆਉਣ ਦੀ ਸਾਰੀ ਖੁਸ਼ੀ ਤੇ ਉਤਸ਼ਾਹ ਖਤਮ ਕਰ ਦਿੱਤਾ ਜਾਂਦਾ ਹੈ । ਨੂੰਹ ਤੇ ਪੁੱਤਰ ਆਪਸ ਵਿਚ ਪਿਤਾ ਦੇ ਸ਼ੌਕਾਂ ਬਾਰੇ ਗੱਲਾਂ ਕਰਦੇ ਹਨ ।

ਨੂੰਹ : ਤੁਹਾਡੇ ਪਿਤਾ ਜੀ ਤਾਂ ਦਿਮਾਗ ਖਰਾਬ ਏ ... ਸ੍ਰੀਮਾਨ ਜੀ ਨੇ ਇਕ ਮੇਜ਼ ਖਰੀਦੀ ਏ, ਸਾਢੇ ਤਿੰਨ ਸੌ ਰੁਪਏ ਦੀ ਤੇ ਟੇਬਲ ਲੈਂਪ ਪੰਜਾਹ ਰੁਪਏ ਦੀ । ਹੁਣ ਸੁੱਖ ਨਾਲ ਫਰਸ਼ ਨਵੇਂ ਬਣਾਏ ਜਾ ਰਹੇ ਹਨ ਤੇ ਛੱਤ ’ਤੇ ਚੰਦ ਤਾਰੇ ਪੇਂਟ ਕਰਾਉਣ ਦੀ ਸਲਾਹ ਵੀ ਦੱਸੀ ਜਾਂਦੀ ਹੈ ... ਸ੍ਰੀਮਾਨ ਜੀ ਦਾ ਦਿਮਾਗ ਖਰਾਬ ਨਹੀਂ ਤੇ ਹੋਰ ਕੀ ਏ ... ਤੁਸੀਂ ਤੁਸੀਂ ਰਹਿੰਦੇ ਹੋ ਸਾਨੂੰ ਕੀ ? ਉਨ੍ਹਾਂ ਦਾ ਆਪਣਾ ਪੈਸਾ ਏ ? ... ਸਾਨੂੰ ਕਿਉਂ ਨਹੀਂ ? ਕੀ ਸਾਡਾ ਜਾਇਦਾਦ ’ਤੇ ਕੋਈ ਹੱਕ ਨਹੀਂ ? ਪਿਤਾ ਜੀ ਫਜ਼ੂਲ ਪੈਸਾ ਬਰਬਾਦ ਕਰ ਰਹੇ ਨੇ - ਕਦੇ ਸੋਚਿਆ ਜੇ ਪਿਤਾ ਜੀ ਕੋਲ ਰੁਪਏ ਖਤਮ ਹੋ ਜਾਣਗੇ ਤਾਂ ਫੇਰ ਉਨ੍ਹਾਂ ਨੂੰ ਖਰਚ ਕੌਣ ਦੇਵੇਗਾ ?

ਇਕ ਹੋਰ ਥਾਂ ਗੱਲਾਂ ਗੱਲਾਂ ਵਿਚ ਨੂੰਹ-ਪੁੱਤਰ ਕੋਠੀ ਕਿਰਾਏ ’ਤੇ ਦੇਣੇ ਲਈ ਕਹਿੰਦੇ ਹਨ ਤੇ ਮਾਂ ਨੂੰ ਵੀ ਸਹਿਮਤ ਕਰਵਾ ਲੈਂਦੇ ਹਨ ।

‘‘ਐਡੀ ਵੱਡੀ ਕੋਠੀ ਏ, ਦੋ ਜੀਆਂ ਦੇ ਰਹਿਣ ਲਈ ਤਾਂ ਐਂਵੇਂ ਫਜ਼ੂਲ ਖਰਚੀ ਏ, ਜੇ ਕਿਰਾਏ ’ਤੇ ਦੇ ਦਿਓ ਤਾਂ ਘੱਟੋ ਘੱਟ ਚਾਰ ਸੌ ਰੁਪਿਆ ਮਹੀਨਾ ਆ ਸਕਦੈ ... ਪਿਛਲੇ ਦੋ ਕਮਰਿਆਂ ਵਿਚ ਤੁਹਾਡਾ ਗੁਜ਼ਾਰਾ ਹਸ ਕੇ ਹੋ ਸਕਦਾ ਏ ... ਤੁਸੀਂ ਉਨ੍ਹਾਂ ਕਮਰਿਆਂ ਨੂੰ ਸਰਵੈਂਟਸ ਕੁਆਟਰ ਕਹਿੰਦੇ ਕਿਉਂ ਓ ?’’

ਤੇ ਨਾਟਕ ਦਾ ਸਿਖਰ ਹੈ, ਜਦੋਂ ਉਹ ਸਰਵੈਂਟ ਕੁਆਟਰ ਵਿਚ ਚਲੇ ਜਾਂਦੇ ਹਨ । ਉਨ੍ਹਾਂ ਨੇ ਹਾਰ ਮੰਨ ਲਈ ਹੈ, ਜ਼ਿੰਦਗੀ ਦੀਆਂ ਤਰਕਾਲਾਂ ਦਾ ਅਹਿਸਾਸ ਉਨ੍ਹਾਂ ਨੂੰ ਹੋ ਗਿਆ ਏ ।

‘‘ਹਾਂ ਇਨ੍ਹਾਂ ਕਮਰਿਆਂ ਨੂੰ ਸਰਵੈਂਟ ਕਵਾਟਰ ਕਿਉਂ ਆਖਦੇ ਹਾਂ, ਇਹ ਤਾਂ ਸਾਡੀ ਛੋਟੀ ਕੋਠੀ ਏ ।’’

ਨਾਟਕ ਦੇ ਅੰਤ ਤੇ ਦਰਸ਼ਕਾਂ ਨੇ ਜਿੱਥੇ ਇੰਦਰਜੀਤ ਮਹਿਤਾ (ਪੁੱਤਰ), ਜਤਿੰਦਰ ਕੌਰ (ਨੂੰਹ), ਰਾਜਕੁਮਾਰ (ਦੋਸਤ), ਮੇਰੀ ਅਤੇ ਕੈਲਾਸ਼ ਹੋਰਾਂ ਦੀ ਅਭਿਨੈ ਕਲਾ ਦਾ ਤਾਲੀਆਂ ਦੀ ਗੂੰਜਾਰ ਨਾਲ ਸਵਾਗਤ ਕੀਤਾ ਹੈ, ਉਥੇ ਮੈਂ ਜਸੂਜਾ ਦੀ ਨਾਟਕ ਕਲਾ ਨੂੰ ਸਲਾਮ ਕੀਤਾ ਹੈ, ਜਿਸ ਨੇ ਕਲਾਕਾਰਾਂ ਲਈ ਮੌਕਾ ਸਿਰਜਿਆ ਹੈ ਕਿ ਉਹ ਆਪਣੀ ਆਪਣੀ ਅਭਿਨੈ ਕਲਾ ਨੂੰ ਖਿਰਾਂ ਤੇ ਪੁਚਾਣ ।

**ਪਿੱਛੋਂ ਲਿਖਿਆ ਨੋਟ :**

ਇਹ ਇਕਾਂਗੀ ਮੇਰੀਆਂ ਅਭੁੱਲ ਯਾਦਾਂ ਵਿਚੋਂ ਇਕ ਯਾਦ ਹੈ, ਅੱਜ 26 ਸਾਲਾਂ ਬਾਅਦ ਮੈਂ ਰੀਟਾਇਰ ਹੋ ਕੇ ਉਸ ਰੀਟਾਇਰਡ ਸਟੇਸ਼ਨ ਮਾਸਟਰ ਵਾਲੀ ਅਵਸਥਾ ਵਿਚ ਪੁੱਜ ਚੁੱਕਾ ਹਾਂ । ਉਸ ਪਾਤਰ ਦੇ ਦੁਖਾਂਤ ਨੇ ਮੈਨੂੰ ਦ੍ਰਿੜ੍ਹਤਾ ਤਾਂ ਦਿੱਤੀ ਹੀ ਹੈ ਪਰ ਜਿੱਥੇ ਵੀ ਮੌਕਾ ਮਿਲਦਾ ਹੈ ਮੈਂ ਗੱਲ ਕਰਦਾ ਹਾਂ ਕਿ ਬਜ਼ੁਰਗਾਂ ਨੂੰ ਜਦੋਂ ਤੱਕ ਜ਼ਿੰਦਗੀ ਸਾਥ ਦੇਵੇ, ਪੂਰੀ ਪ੍ਰਫੁਲਤਾ ਨਾਲ ਜੀਣ ਦਾ ਉਪਰਾਲਾ ਕਰਨਾ ਚਾਹੀਦਾ ਹੈ । ਕਿਸੇ ਵੀ ਕਲਾ ਕ੍ਰਿਤ ਦਾ ਜੇ ਇਹ ਕਰਤੱਵ ਹੁੰਦਾ ਕਿ ਉਹ ਉਹ ਜ਼ਿੰਦਗੀ ਦੇ ਯਥਾਰਥ ਦਾ ਮਨਫੀ ਪਹਿਲੂ ਪੇਸ਼ ਕਰਦੀ ਹੋਈ, ਉਹ ਜ਼ਿੰਦਗੀ ਨੂੰ ਵਧੀਆ ਜੀਣ ਦੀ ਪ੍ਰੇਰਨਾ ਦੇਵੇ ਤਾਂ ਮੈਂ ਸਮਝਦਾ ਹਾਂ ਕਿ ਜਸੂਜਾ ਦੀ ਇਹ ਕ੍ਰਿਤ ਉਸ ਕਰਤੱਵ ਤੇ ਪੂਰੀ ਤਰ੍ਹਾਂ ਉਤਰਦੀ ਹੈ । ਮੈਂ ਫੇਰ ਇਹ ਲਿਖਣ ’ਤੇ ਮਜਬੂਰ ਹਾਂ ਕਿ ਟੀ. ਵੀ. ਦੇ ਡਰਾਮਾ ਪ੍ਰੋਡਿਊਸਰ ਕਿੱਥੇ ਸੁੱਤੇ ਹੋਏ ਹਨ ? ਉਹ ਪੰਜਾਬੀ ਨਾਟਕ ਖਜ਼ਾਨੇ ਨੂੰ ਫਰੋਲਦੇ